ਪ੍ਰੈਸ ਨੋਟ

ਮਿਤੀ 05.05.2022

## ਹੁਸ਼ਿਆਰਪੁਰ ਪੁਲਿਸ ਵੱਲੋਂ 2 ਪਿਸਟਲ 32 ਬੋਰ ਅਤੇ 1 ਪਿਸਟਲ 30 ਬੋਰ ਕੁੱਲ 3 ਪਿਸਟਲ ਬਰਾਮਦ

ਮਾਨਯੋਗ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਪਰ ਹੁਸ਼ਿਆਰਪੁਰ ਏਰੀਆ ਵਿੱਚ ਅਸਲਾ ਸਪਲਾਈ ਕਰਨ ਵਾਲੇ ਵਿਅਕਤੀਆਂ ਨੂੰ ਨੱਥ ਪਾਉਣ ਲਈ ਸ਼੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ਼੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਇੰਚਾਰਜ ਸੀ.ਆਈ.ਏ ਇੰਸਪੈਕਟਰ ਸ਼ਮਸ਼ੇਰ ਸਿੰਘ ਦੇ ਅਧੀਨ ਵਿਸ਼ੇਸ਼ ਟੀਮ ਵੱਲੋਂ ਅਸਲਾ ਸਪਲਾਈ ਕਰਨ ਵਾਲੇ 1 ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਕੁੱਲ 3 ਪਿਸਟਲ (2 ਪਿਸਟਲ 32 ਬੋਰ ਅਤੇ 1 ਪਿਸਟਲ 30 ਬੋਰ) ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵੱਲੋਂ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 03-05-2022 ਨੂੰ ਇੰਚਾਰਜ ਸੀ.ਆਈ.ਏ ਸਟਾਫ ਦੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ ਤੇ ਨੇੜੇ ਬਹਾਦਰ ਪਿੰਡ ਤੋਂ ਅਸਲਾ ਸਪਲਾਈ ਕਰਨ ਵਾਲੇ ਇੱਕ ਵਿਅਕਤੀ ਰਮਨ ਪੁੱਤਰ ਤਰਸੇਮ ਲਾਲ ਵਾਸੀ ਮੁਹੱਲਾ ਕੀਰਤੀ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ ਕੁੱਲ 3 ਪਿਸਟਲ (2 ਪਿਸਟਲ 32 ਬੋਰ ਅਤੇ 1 ਪਿਸਟਲ 30 ਬੋਰ) ਬ੍ਰਾਮਦ ਕਰਕੇ ਦੋਸ਼ੀ ਦੇ ਖਿਲਾਫ ਮੁਕੱਦਮਾ ਨੰਬਰ 83 ਮਿਤੀ 03-05-2022 ਅ/ਧ 25-54-59 Arms Act. ਥਾਣਾ ਸਿਟੀ ਹੁਸ਼ਿਆਰਪੁਰ ਦਰਜ ਰਜਿਸਟਰ ਕਰਵਾਇਆ। ਦੋਸ਼ੀ ਦੀ ਪੁੱਛ ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਪਿਸਟਲ ਬਿਹਾਰ ਸਟੇਟ ਤੋਂ ਲੈ ਕੇ ਆਇਆ ਹੈ ਅਤੇ ਇਸਨੇ ਇਹ ਹਥਿਆਰ ਪੰਜਾਬ ਵਿੱਚ ਵੇਚਣੇ ਸਨ। ਇਸਦੇ ਖਿਲਾਫ ਪਹਿਲਾਂ 3 ਮੁੱਕਦਮੇ ਅਸਲਾ ਐਕਟ, ਲੁੱਟ ਅਤੇ ਆਬਕਾਰੀ ਐਕਟ ਤਹਿਤ ਦਰਜ ਹਨ। ਦੋਸ਼ੀ ਇਸ ਵਕਤ ਪੁਲਿਸ ਰਿਮਾਂਡ ਪਰ ਹੈ ਜਿਸ ਪਾਸੋਂ ਪੁੱਛ ਗਿੱਛ ਜਾਰੀ ਹੈ।

**ਬ੍ਰਾਮਦਗੀ:-** ਕੁੱਲ 3 ਪਿਸਟਲ (2 ਪਿਸਟਲ 32 ਬੋਰ ਅਤੇ 1 ਪਿਸਟਲ 30 ਬੋਰ)

**ਗ੍ਰਿਫਤਾਰ ਦੋਸ਼ੀ**
ਰਮਨ ਪੁੱਤਰ ਤਰਸੇਮ ਲਾਲ ਵਾਸੀ ਮੁਹੱਲਾ ਕੀਰਤੀ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ

**ਗ੍ਰਿਫਤਾਰ ਦੋਸ਼ੀ ਦੇ ਖਿਲਾਫ ਪਹਿਲਾਂ ਦਰਜ ਮੁੱਕਦਮੇਂ**

1. ਮੁੱਕਦਮਾ ਨੰਬਰ 194 ਮਿਤੀ 29-10-2017 ਅ/ਧ 61-1-14 ਆਬਕਾਰੀ ਐਕਟ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ
2. ਮੁੱਕਦਮਾ ਨੰਬਰ 192 ਮਿਤੀ 05-12-2018 ਅ/ਧ 394, 306, 120-ਬੀ, 34 ਭ:ਦ: ਥਾਣਾ ਸਿਟੀ ਹੁਸ਼ਿਆਰਪੁਰ
3. ਮੁੱਕਦਮਾ ਨੰਬਰ 159 ਮਿਤੀ 08-11-2020 ਅ/ਧ 25-54-59 ਅਸਲਾ ਐਕਟ ਥਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ

